ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ./2010/54673-54692
ਮਿਤੀ ਚੰਡੀਗੜ੍ਹ 25.08.10

**ਵਿਸ਼ਾ:- ਬੱਚਿਆਂ ਦੇ ਪਹਾੜਿਆਂ ਦੇ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਜੋ ਕਿ ਪ੍ਰਾਇਮਰੀ ਸਿੱਖਿਆ ਅੰਦਰ ਬੱਚੇ ਦੇ ਸਿੱਖਣ ਪੱਧਰ ਨੂੰ ਉੱਚਾ ਚੁੱਕਣ ਪੱਖੋਂ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਵੱਖ-ਵੱਖ ਤਰ੍ਹਾਂ ਦੇ ਬੱਚਿਆਂ ਦੀ ਵੱਖ-ਵੱਖ ਮੁਕਾਬਲੇ ਵੀ ਸਮੇਂ ਸਮੇਂ ਅਨੁਸਾਰ ਕਰਵਾਏ ਜਾ ਰਹੇ ਹਨ। ਇਸ ਪੱਖੋਂ ਬੱਚਿਆਂ ਅੰਦਰ ਗਣਿਤ ਵਿਸ਼ੇ ਵਿਚ ਵਧੇਰੇ ਰੌਚਿਕਤਾ ਅਤੇ ਬੱਚੇ ਅੰਦਰ ਸ਼ੁਰੂ ਤੋਂ ਹੀ ਗਣਿਤ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਵਜੋਂ ਬੱਚਿਆਂ ਦੇ ਪਹਾੜਿਆਂ ਦਾ ਰਾਜ ਪੱਧਰੀ ਮੁਕਾਬਲਾ ਮਿਤੀ 26 ਸਤੰਬਰ 2010 ਨੂੰ ਕਰਵਾਇਆ ਜਾ ਰਿਹਾ ਹੈ। ਤਾਂ ਜੋ ਬੱਚਿਆਂ ਦੇ ਗਣਿਤ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ।

2.1 ਪਹਾੜਿਆਂ ਦੇ ਮੁਕਾਬਲੇ ਲਈ ਦੋ ਗਰੁੱਪ ਹੋਣਗੇ:-

(ੳ) ਜੂਨੀਅਰ ਗਰੁੱਪ (ਜਮਾਤ ਪਹਿਲੀ ਤੋਂ ਤੀਜੀਂ ਤੱਕ)

(ਅ) ਸੀਨੀਅਰ ਗਰੁੱਪ ( ਜਮਾਤ ਚੌਥੀ ਤੋਂ ਪੰਜਵੀਂ ਤੱਕ)

2.2 ਪਹਾੜੇ ਮੂੰਹ ਜ਼ੁਬਾਨੀ ਬੱਚਿਆਂ ਤੋਂ ਸੁਣੇ ਜਾਣਗੇ।

2.3 ਹਰ ਬੱਚਾ ਪਹਿਲੇ ਗੇੜ ਵਿਚ ਆਪਣਾ ਸਭ ਤੋਂ ਵੱਡਾ ਪਹਾੜਾ ਸੁਣਾਏਗਾ ਅਤੇ ਟੋਕਵੇਂ ਪਹਾੜਿਆਂ ਸਬੰਧੀ ਗੇੜ ਪਿਛਲੇ ਪੰਜ ਪਹਾੜਿਆਂ ਵਿਚੋਂ ਹੋਵੇਗਾ।

2.4 ਹਰੇਕ ਪੱਧਰ ਤੇ ਪਹਿਲਾ ਪੰਜ ਪ੍ਰਤੀਯੋਗੀਆਂ ਨੂੰ ਜੇਤੂ ਮੰਨਿਆ ਜਾਵੇਗਾ ।

2.5 ਹਰੇਕ ਜ਼ਿਲ੍ਹੇ ਵਿਚੋਂ ਘੱਟੋਂ ਘੱਟ ਪੰਜ ਵਿਦਿਆਰਥੀ ਜਿੰਨ੍ਹਾਂ ਨੂੰ ਸਭ ਤੋਂ ਜ਼ਿਆਦਾ ਪਹਾੜੇ ਆਉਂਦੇ ਹੋਣਗੇ ਉਹ ਰਾਜ ਪੱਧਰ ਦੇ ਮੁਕਾਬਲਿਆਂ ਵਿਚ ਭਾਗ ਲੈਣਗੇ।

2.6 ਪਹਾੜਿਆਂ ਦਾ ਮੁਕਾਬਲਾ ਸਕੂਲ, ਕਲੱਸਟਰ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਦਾ ਹੋਵੇਗਾ।

ਚੱਲਦਾ ਪੰਨਾ ਨੰ. 02

2.7 ਹਰੇਕ ਪੱਧਰ ਤੇ ਨਿਰਣਾਇਕ ਬੋਰਡ ਵਿਚ ਦੋ ਜਾਂ ਤਿੰਨ ਮੈਂਬਰ ਸ਼ਾਮਲ ਹੋਣਗੇ। ਜਿੰਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ।

2.8 ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

2.9 ਵੱਖ-ਵੱਖ ਪੱਧਰਾਂ ਦੇ ਹੋਣ ਵਾਲੇ ਪਹਾੜਿਆਂ ਦੇ ਮੁਕਾਬਲੇ ਦੀਆਂ ਮਿਤੀਆਂ ਦਾ ਵੇਰਵਾ ਇਸ ਪ੍ਰਕਾਰ ਹੋਵੇਗਾ:-

| **ਲੜੀ ਨੰ.** | **ਪੱਧਰ** | **ਮਿਤੀ** | **ਵਿਸ਼ੇਸ਼ ਕਥਨ** |
|---|---|---|---|
| 1. | ਕਲੱਸਟਰ | 13.9.2010 | |
| 2. | ਬਲਾਕ ਪੱਧਰ | 18.9.2010 | |
| 3. | ਜ਼ਿਲ੍ਹਾ ਪੱਧਰ | 22.9.2010 | |
| 4. | ਰਾਜ ਪੱਧਰ | 26.9.2010 | |

3.0 ਸੋ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬੱਚਿਆਂ ਦੇ ਪਹਾੜਿਆਂ ਦਾ ਮੁਕਾਬਲੇ ਵਿਚ ਵੱਧ ਤੋਂ ਵੱਧ ਬੱਚਿਆਂ ਦੀ ਸ਼ਮੂਲੀਅਤ ਕਰਵਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/54693 ਮਿਤੀ 25.08.2010

ਉਤਾਰਾ :-(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(3) ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**